ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-1 ਸ਼ਾਖਾ)

ਸੇਵਾ ਵਿਖੇ

1) ਕਮਿਸ਼ਨਰ,
ਨਗਰ ਨਿਗਮ, ਅੰਮ੍ਰਿਤਸਰ, ਹੁਸ਼ਿਆਰਪੁਰ, ਫਗਵਾੜਾ, ਲੁਧਿਆਣਾ,
ਮੋਗਾ, ਜਲੰਧਰ, ਪਠਾਨਕੋਟ ਅਤੇ ਪਟਿਆਲਾ ।

2) ਸਮੂਹ ਕਾਰਜ ਸਾਧਕ ਅਫਸਰ,
ਨਗਰ ਕਾਊਂਸਲ/ਨਗਰ ਪੰਚਾਇਤਾਂ,
ਪੰਜਾਬ ਰਾਜ।

ਮੀਮੋ ਨੰ: 14/188/2014-5ਸਸ1/ 475153/1
ਮਿਤੀ, ਚੰਡੀਗੜ੍ਹ: 4-5-2015

ਵਿਸ਼ਾ:- ਕਾਓ ਸੈੱਸ ਲਗਾਉਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਬਾਰੇ ।

•••••

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2. ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ "The Punjab Prohibition of Cows Slater Act, 1955 (15 from 1956) ਦੀ ਧਾਰਾ 7 ਅਧੀਨ ਨੋਟੀਫਿਕੇਸ਼ਨ (ਕਾਪੀ ਨੱਥੀ ਹੈ) ਜਾਰੀ ਕੀਤਾ ਗਿਆ ਹੈ । ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਅਜਿਹਾ ਕਾਓ ਸੈੱਸ ਰਾਜ ਸਰਕਾਰ ਦੀ ਪੱਧਰ ਤੇ ਸਾਰੀਆਂ ਨਗਰ ਨਿਗਮਾਂ/ਨਗਰ ਕਾਊਂਸਲਾਂ/ਨਗਰ ਪੰਚਾਇਤਾਂ ਵਿੱਚ ਨੋਟੀਫਿਕੇਸ਼ਨ ਰਾਹੀਂ ਲਾਉਣਾ ਤਦ ਹੀ ਸੰਭਵ ਹੋਵੇਗਾ ਜੇਕਰ ਸਬੰਧਤ ਸੰਸਥਾਵਾਂ ਵੱਲੋਂ ਇਸ ਬਾਰੇ ਮਤੇ ਪਾਸ ਕੀਤੇ ਜਾਣਗੇ ਅਤੇ ਪੂਰੀ ਵਿਧੀ ਅਪਣਾਈ ਜਾਵੇਗੀ ।

3. ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਕਾਓ ਸੈੱਸ ਲਗਾਉਣ ਸਬੰਧੀ ਲੋੜੀਂਦੀ ਕਾਰਜਵਿਧੀ ਪੂਰੀ ਕਰਦੇ ਹੋਏ ਨਿਯਮਾਂ ਅਨੁਸਾਰ ਮੁਕੰਮਲ ਤਜਵੀਜ਼ਾਂ ਸਰਕਾਰ ਨੂੰ ਭੇਜੀਆਂ ਜਾਣ ਤਾਂ ਜੋ ਸਮੂਹ ਰਾਜ ਦੀਆਂ ਸੰਸਥਾਵਾਂ ਵਿੱਚ ਕਾਓ ਸੈੱਸ ਲਗਾਉਣ ਵਾਸਤੇ ਲੋੜੀਂਦੀਆਂ ਨੋਟੀਫਿਕੇਸ਼ਨਾਂ ਸਰਕਾਰ ਦੀ ਪੱਧਰ ਤੇ ਜਾਰੀ ਕੀਤੀਆਂ ਜਾ ਸਕਣ ।

ਵਧੀਕ ਸਕੱਤਰ, ਸਥਾਨਕ ਸਰਕਾਰ

ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-1ਸਾਖਾ)

<u>ਨੋਟੀਫਿਕੇਸਨ</u>

ਮਿਤੀ, ਚੰਡੀਗੜ੍ਹ: 29 ਅਪ੍ਰੈਲ, 2015

ਨੰ: 14/118/14-5ਸਸ1/473755/1 ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋ "ਦੀ ਪੰਜਾਬ ਪਰੋਹਿਬੀਸਨ ਆਫ ਕਾਓਜ ਸਲਾਟਰ ਐਕਟ 1955 (15 ਤੌਂ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰ 343 ਮਿਤੀ 7-7-2014 ਰਾਹੀਂ ਕਾਓ ਸੈੱਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਦੇ ਸਬੰਧ ਵਿਚ 2 ਅਖਬਾਰਾਂ ਰਾਹੀਂ ਜਨਤਕ ਸੂਚਨਾ ਪ੍ਰਕਾਸ਼ਿਤ ਕਰਵਾ ਕੇ ਆਮ ਅਤੇ ਖਾਸ ਵਿਅਕਤੀਆਂ ਪਾਸੋਂ ਇਤਰਾਜ ਮੰਗੇ ਗਏ ਸਨ, ਜਿਸ ਤਹਿਤ ਇੱਕ ਇਤਰਾਜ ਪ੍ਰਾਪਤ ਹੋਇਆ ਸੀ, ਜੋ ਇਤਰਾਜਕਰਤਾ ਵੱਲੋ ਨਿੱਜੀ ਸੁਣਵਾਈ ਦੌਰਾਨ ਵਾਪਿਸ ਲੈ ਲਿਆ ਗਿਆ ਸੀ। ਇਸ ਉਪਰੰਤ ਨਗਰ ਨਿਗਮ ਵੱਲੋਂ ਮਤਾ ਨੰ 370 ਮਿਤੀ 29-08-2014 ਰਾਹੀਂ ਕਾਓ ਸੈੱਸ ਲਗਾਉਣਾ ਪ੍ਰਵਾਨ ਕੀਤਾ ਗਿਆ ਹੈ।

2. ਹੁਣ ਦੀ ਪੰਜਾਬ ਪਰੋਹਿਬੀਸਨ ਆਫ ਕਾਓਜ ਸਲਾਟਰ ਐਕਟ 1955 (15 ਤੋਂ1956) ਦੀ ਧਾਰਾ 7 ਸਬੰਧੀ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਹੇਠ ਲਿਖੀਆਂ ਵਸਤਾਂ ਦੀ ਵਿਕਰੀ ਉੱਤੇ ਕਾਓ ਸੈੱਸ ਲਾਗੂ ਹੋਵੇਗਾ :-

<u>ਸ਼ਡਿਊਲ ਦੀ ਪੰਜਾਬ ਪਰੋਹਿਬਸ਼ਨ ਆਫ ਕਾਓਜ਼ ਸਲਾਟਰ ਐਕਟ, 1955 (15 ਤੋਂ 1956)</u>
<u>ਬਿਨਾਂ ਕਾਊ ਸੈੱਸ ਤੋਂ ਹੇਠ ਲਿਖੀ ਕਿਸੇ ਵੀ ਚੀਜ਼ ਦੀ ਵਿਕਰੀ ਨਹੀਂ ਕੀਤੀ ਜਾ ਸਕਦੀ ।</u>

| ਲੜੀ ਨੰ | ਆਇਟਮ ਦਾ ਨਾਂਮ | ਪ੍ਰਤੀ ਆਈਟਮ ਸੈਂਸ |
|---|---|---|
| 1. | ਤੇਲ ਟੈਂਕਰ ਪ੍ਰਤੀ ਚੱਕਰ | 100/- ਰੁਪਏ |
| 2. | ਸ਼ਰਾਬ ਅੰਗਰੇਜੀ ਪ੍ਰਤੀ ਬੋਤਲ | 10/- ਰੁਪਏ |
| 3. | ਸ਼ਰਾਬ ਦੇਸੀ ਅਤੇ ਬੀਅਰ ਪ੍ਰਤੀ ਬੋਤਲ | 5/- ਰੁਪਏ |
| 4. | ਸੀਮੈਂਟ ਪ੍ਰਤੀ ਬੈਗ | 1/- ਰੁਪਏ |
| 5. | ਬਿਜਲੀ ਪ੍ਰਤੀ ਯੂਨਿਟ | 2 ਪੈਸੇ |
| 6. | ਮੈਰਿਜ ਪੈਲੇਸ ਏ ਸੀ. ਪ੍ਰਤੀ ਫੰਕਸ਼ਨ | 1000/- ਰੁਪਏ |
| 7. | ਮੈਰਿਜ ਪੈਲੇਸ ਨਾਨ ਏ ਸੀ. ਪ੍ਰਤੀ ਫੰਕਸ਼ਨ | 500/-ਰੁਪਏ |
| 8. | ਫੋਰ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 1000/- ਰੁਪਏ |
| 9. | ਦੋ ਵ੍ਹੀਲਰ ਪ੍ਰਤੀ ਵਹੀਕਲ ਦੀ ਵਿੱਕਰੀ ਤੇ | 200/- ਰੁਪਏ |

ਮਿਤੀ ਚੰਡੀਗੜ੍ਹ
10-4-2015

ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ.
ਸਕੱਤਰ ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ।

ਪਿੱਠ ਅੰਕਣ ਨੰ:14/118/14-5ਸਸ1/473755/2

ਮਿਤੀ ਚੰਡੀਗੜ੍ਹ: 29-4-2015

ਉਪਰੋਕਤ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ , ਪੰਜਾਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਦਾ ਪ੍ਰਕਾਸ਼ਨ ਪੰਜਾਬ ਅਸਾਧਾਰਣ ਗਜ਼ਟ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ ਅਤੇ 25 ਕਾਪੀਆਂ ਸਰਕਾਰ ਨੂੰ ਰਿਕਾਰਡ ਲਈ ਭੇਜ ਦਿੱਤੀਆਂ ਜਾਣ।

ਵਧੀਕ ਸਕੱਤਰ,ਸਥਾਨਕ ਸਰਕਾਰ

ਪਿੱਠ ਅੰਕਣ. ਨੰ 14/118/14-5ਸਸ1/473755/3-12 ਮਿਤੀ ਚੰਡੀਗੜ੍ਹ: 29-4-2015

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀਂ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ।
2) ਕਮਿਸ਼ਨਰ, ਕਰ ਅਤੇ ਆਬਕਾਰੀ ਵਿਭਾਗ, ਪੰਜਾਬ ਚੰਡੀਗੜ੍ਹ।
3) ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ, ਪੰਜਾਬ ਚੰਡੀਗੜ੍ਹ
4) ਚੇਅਰਮੈਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਪਟਿਆਲਾ।
5) ਡਿਪਟੀ ਕਮਿਸ਼ਨਰ, ਸਾਹਿਜ਼ਜਾਦਾ ਅਜੀਤ ਸਿੰਘ ਨਗਰ।
6) ਉਪ-ਮੰਡਲ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
7) ਕਮਿਸਨਰ, ਨਗਰ ਨਿਗਮ ਸਾਹਿਬਜ਼ਾਦਾ ਅਜੀਤ ਸਿੰਘ ਨਗਰ।
8) ਜਿਲ੍ਹਾਂ ਟਰਾਂਸਪੋਰਟ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
9) ਪ੍ਰੀਖਕ, ਲੋਕ ਫੰਡ ਅਕਾਊਂਟਸ, ਪੰਜਾਬ ਚੰਡੀਗੜ੍ਹ।।
10) ਡਾਇਰੈਕਟਰ, ਟਾਊਨ ਪਲਾਨਿੰਗ ਵਿਭਾਗ, ਪੰਜਾਬ,ਚੰਡੀਗੜ੍ਹ।

ਵਧੀਕ ਸਕੱਤਰ, ਸਥਾਨਕ ਸਰਕਾਰ